# ਪਪੀਤਾ

ਪਪੀਤਾ ਘਰਾਂ ਦੇ ਪਿਛਵਾੜਿਆਂ ਅਤੇ ਬਗੀਚਿਆਂ ਵਿੱਚ ਲਗਾਉਣ ਲਈ ਢੁੱਕਵਾਂ ਫ਼ਲ ਹੈ । ਇਸ ਦੀ ਕਾਸ਼ਤ ਜ਼ਿਆਦਾਤਰ ਬਾਗਾਂ ਵਿੱਚ ਫਿੱਲਰ ਬੂਟੇ ਦੇ ਤੌਰ ਤੇ ਅਤੇ ਸੁਰੱਖਿਅਤ ਹਾਲਾਤਾਂ ਵਿੱਚ ਇੱਕ ਮੁੱਖ ਫ਼ਸਲ ਵੱਜੋਂ ਕੀਤੀ ਜਾਂਦੀ ਹੈ । ਪਪੀਤਾ ਛੇਤੀ ਵਾਧੇ ਵਾਲਾ ਬੂਟਾ ਹੈ ਅਤੇ ਲਗਾਉਣ ਤੋਂ 8-10 ਮਹੀਨਿਆਂ ਵਿੱਚ ਫ਼ਲ ਦੇਣਾ ਸ਼ੁਰੂ ਕਰ ਦਿੰਦਾ ਹੈ । ਇਹ ਵਿਟਾਮਿਨ, ਧਾਤਾਂ ਅਤੇ ਇੰਨਜ਼ਾਈਮ ਦਾ ਉੱਤਮ ਸੋਮਾ ਹੈ । ਪਪੀਤੇ ਵਿੱਚ 2500 ਅੰਤਰਰਾਸ਼ਟਰੀ ਯੂਨਿਟ ਵਿਟਾਮਿਨ ਏ, 85 ਮਿਲੀਗ੍ਰਾਮ ਪ੍ਰਤੀ 100 ਗ੍ਰਾਮ ਫ਼ਲ ਦਾ ਗੁੱਦਾ, ਵਿਟਾਮਿਨ 'ਸੀ' ਹੁੰਦਾ ਹੈ । ਇਸ ਦੇ ਫ਼ਲ ਵਿੱਚ ਕੀਮਤੀ ਇੰਨਜ਼ਾਈਮ ਹੁੰਦਾ ਹੈ ਜਿਹੜਾ ਕਿ ਪ੍ਰੋਟੀਨ ਦੀ ਬਹੁਤਾਤ ਵਾਲੇ ਭੋਜਨ ਨੂੰ ਪਚਾਉਣ ਵਿੱਚ ਮਦਦ ਕਰਦਾ ਹੈ ।

### ਪੌਣ-ਪਾਣੀ ਅਤੇ ਜ਼ਮੀਨ

ਪਪੀਤਾ ਗਰਮ ਅਤੇ ਤਰ ਇਲਾਕੇ ਦਾ ਫ਼ਲ ਹੈ । ਇਸ ਨੂੰ ਗਰਮ ਅਤੇ ਸਿੱਲ੍ਹਾ ਮੌਸਮ ਚਾਹੀਦਾ ਹੈ ਤੇ ਇਸ ਦੀ ਕਾਸ਼ਤ ਸਮੁੰਦਰ ਦੇ ਤਲ ਤੋਂ 1000 ਮੀਟਰ ਦੀ ਉੱਚਾਈ ਤੱਕ ਕੀਤੀ ਜਾ ਸਕਦੀ ਹੇ । ਇਸ ਦੀ ਕਾਸ਼ਤ ਸਾਰੇ ਪੰਜਾਬ ਅਤੇ ਉੱਤਰੀ ਭਾਰਤ ਦੇ ਮੈਦਾਨੀ ਇਲਾਕਿਆਂ ਵਿੱਚ ਸਫ਼ਲਤਾ ਪੂਰਵਕ ਕੀਤੀ ਜਾ ਸਕਦੀ ਹੈ । ਪਪੀਤਾ ਕੋਰੇ ਅਤੇ ਜ਼ਮੀਨ ਵਿੱਚ ਖੜ੍ਹੇ ਪਾਣੀ ਨੂੰ ਬਿਲਕੁਲ ਨਹੀਂ ਸਹਾਰ ਸਕਦਾ । ਇਸ ਲਈ ਇਸ ਦੀ ਕਾਸ਼ਤ ਕੋਰਾ ਰਹਿਤ ਇਲਾਕਿਆਂ ਵਿੱਚ ਚੰਗੇ ਜਲ ਨਿਕਾਸ ਵਾਲੀਆਂ ਜ਼ਮੀਨਾਂ ਤੇ ਕਰਨੀ ਚਾਹੀਦੀ ਹੈ । ਛੋਟੇ ਬੂਟਿਆਂ ਨੂੰ ਚੰਗੀ ਤਰ੍ਹਾਂ ਢੱਕ ਕੇ ਕੋਰੇ ਤੋਂ ਬਚਾਉਣਾ ਜ਼ਰੂਰੀ ਹੈ । ਇਨ੍ਹਾਂ ਨੂੰ ਪਲਾਸਟਿਕ ਦੇ ਲਿਫਾਫਿਆਂ, ਸਰਕੰਡਾ, ਪਰਾਲੀ ਦੀਆਂ ਕੁੱਲੀਆਂ ਜਾਂ ਕਿਸੇ ਹੋਰ ਚੀਜ਼ ਨਾਲ ਨਵੰਬਰ ਤੋਂ ਫਰਵਰੀ ਤੱਕ ਢੱਕ ਕੇ ਕੋਰੇ ਤੋਂ ਬਚਾਉਣਾ ਚਾਹੀਦਾ ਹੈ ।

### ਉੱਨਤ ਕਿਸਮਾਂ

**ਪੂਸਾ ਡਲੀਸ਼ੀਅਸ :** ਇਹ ਦਰਮਿਆਨੇ ਵਾਧੇ ਵਾਲੀ ਕਿਸਮ ਹੈ ਜੋ ਕਿ 210 ਸੈਂਟੀਮੀਟਰ ਉੱਚੀ ਹੁੰਦੀ ਹੈ । ਇਸ ਕਿਸਮ ਨੂੰ ਜ਼ਮੀਨ ਤੋਂ 110 ਸੈਂਟੀਮੀਟਰ ਉੱਚਾਈ ਤੇ ਫ਼ਲ ਲੱਗਣੇ ਸ਼ੁਰੂ ਹੋ ਜਾਂਦੇ ਹਨ । ਫ਼ਲ ਦਰਮਿਆਨੇ ਤੋਂ ਵੱਡੇ ਆਕਾਰ ਦੇ, ਅੰਡਾਕਾਰ ਜਾਂ ਲੰਬੂਤਰੇ ਹੁੰਦੇ ਹਨ । ਫ਼ਲ ਦਾ ਗੁੱਦਾ ਮੋਟਾ, ਗੂੜ੍ਹਾ ਸੰਤਰੀ ਰੰਗ ਦਾ, ਭਰਪੂਰ ਸੁਗੰਧੀ ਵਾਲਾ ਅਤੇ ਸੁਆਦੀ ਹੁੰਦਾ ਹੈ । ਇਸ ਵਿੱਚ ਮਿਠਾਸ 8-10 ਪ੍ਰਤੀਸ਼ਤ ਹੁੰਦੀ ਹੈ ਅਤੇ ਇੱਕ ਬੂਟੇ ਤੋਂ ਔਸਤਨ 46 ਕਿਲੋ ਫ਼ਲ ਮਿਲ ਜਾਂਦਾ ਹੈ ।

**ਪੂਸਾ ਡਵਾਰਫ਼ :** ਇਹ ਮਧਰੀ ਕਿਸਮ ਹੈ ਜਿਸ ਦੇ ਪੌਦੇ ਦੀ ਉੱਚਾਈ 165 ਸੈਂਟੀਮੀਟਰ ਹੁੰਦੀ ਹੈ ਅਤੇ ਇਸ ਦੇ ਬੂਟੇ ਤੇ ਨਰ ਤੇ ਮਾਦਾ ਦੋਨੋਂ ਤਰ੍ਹਾਂ ਦੇ ਫੁੱਲ ਲੱਗਦੇ ਹਨ । ਇਸ ਨੂੰ ਜ਼ਮੀਨ ਤੋਂ 100 ਸੈਂਟੀਮੀਟਰ ਦੀ ਉੱਚਾਈ ਤੋਂ ਫ਼ਲ ਲੱਗਣੇ ਸ਼ੁਰੂ ਹੋ ਜਾਂਦੇ ਹਨ । ਫ਼ਲਾਂ ਦਾ ਆਕਾਰ ਦਰਮਿਆਨਾ, ਸ਼ਕਲ ਅੰਡਾਕਾਰ, ਗੁੱਦਾ ਸੰਤਰੀ ਰੰਗ ਦਾ ਜਿਸ ਵਿੱਚ 8.9 ਪ੍ਰਤੀਸ਼ਤ ਮਿਠਾਸ ਹੁੰਦੀ ਹੈ । ਇਹ ਕਿਸਮ ਡਿੱਗਦੀ ਨਹੀ ਅਤੇ ਸਰਦੀ ਵੀ ਸਹਿ ਲੈਂਦੀ ਹੈ । ਇੱਕ ਬੂਟੇ ਤੋਂ ਤਕਰੀਬਨ 35 ਕਿਲੋ ਫ਼ਲ ਪੈਦਾ ਹੁੰਦਾ ਹੈ । ਇਹ ਕਿਸਮ ਘਰ-ਬਗੀਚੀ ਲਈ ਵੀ ਬਹੁਤ ਢੁੱਕਵੀਂ ਹੈ ।

**ਪੰਜਾਬ ਸਵੀਟ :** ਇਹ ਦੋ ਲਿੰਗੀ (ਜਿਸ ਦੇ ਇਕੋ ਬੂਟੇ ਤੇ ਦੋਨੋ ਨਰ ਅਤੇ ਮਾਦਾ ਫੁੱਲ ਹੁੰਦੇ ਹਨ) ਕਿਸਮ ਹੈ । ਇਸ ਦੇ ਪੌਦੇ ਦੀ ਉੱਚਾਈ 190 ਸੈਂਟੀਮੀਟਰ ਹੁੰਦੀ ਹੈ । ਇਸ ਨੂੰ ਜ਼ਮੀਨ ਦੇ ਧਰਾਤਲ ਤੋਂ 103 ਸੈਂਟੀਮੀਟਰ ਦੀ ਉੱਚਾਈ ਤੇ ਫ਼ਲ ਲੱਗਣੇ ਸ਼ੁਰੂ ਹੋ ਜਾਂਦੇ ਹਨ । ਇਸ ਦੇ ਫ਼ਲ ਵੱਡੇ, ਸ਼ਕਲ ਵਿੱਚ ਲੰਬੂਤਰੇ ਤੇ ਤਿੱਖੀ ਨੋਕ ਵਾਲੇ ਹੁੰਦੇ ਹਨ । ਗੁੱਦੇ ਦਾ ਰੰਗ ਗੂੜ੍ਹਾ ਪੀਲਾ ਹੁੰਦਾ ਹੈ । ਇਸ ਵਿੱਚ ਮਿਠਾਸ 8-10.5 ਪ੍ਰਤੀਸ਼ਤ ਹੁੰਦੀ ਹੈ । ਝਾੜ ਪ੍ਰਤੀ ਬੂਟਾ 50 ਕਿਲੋ ਹੈ । ਇਸ ਤੇ ਨਿੰਬੂ ਜਾਤੀ ਦੀ ਜੂੰ ਦਾ ਹਮਲਾ ਘੱਟ ਹੁੰਦਾ ਹੈ ।

**ਹਨੀਡਿਊ :** ਇਸ ਦੇ ਬੂਟੇ ਦਾ ਕੱਦ ਦਰਮਿਆਨਾ ਹੁੰਦਾ ਹੈ । ਇਸ ਵਿੱਚ ਮਾਦਾ ਬੂਟਿਆਂ ਦੀ ਗਿਣਤੀ ਘੱਟ ਹੁੰਦੀ ਹੈ । ਇਸ ਦਾ ਫ਼ਲ ਵੱਡਾ, ਲੰਬੂਤਰਾ ਤੇ ਥੋੜ੍ਹੇ ਬੀਜਾਂ ਵਾਲਾ ਹੁੰਦਾ ਹੈ । ਇਸ ਦਾ ਗੁੱਦਾ ਬਹੁਤ ਹੀ ਵਧੀਆ, ਸਾਫ਼, ਮਿੱਠਾ ਤੇ ਚੰਗੇ ਸੁਆਦ ਵਾਲਾ ਹੁੰਦਾ ਹੈ । ਇਸ ਕਿਸਮ ਨੂੰ ਮਧੂ ਬਿੰਦੂ ਵੀ ਕਹਿੰਦੇ ਹਨ ।

**ਨਸਲੀ ਵਾਧਾ**

**ਪਨੀਰੀ ਤਿਆਰ ਕਰਨਾ :** ਪਪੀਤੇ ਦੀ ਪਨੀਰੀ 25×10 ਸੈਂਟੀਮੀਟਰ ਆਕਾਰ ਦੇ ਪਲਾਸਟਿਕ ਦੇ ਲਿਫਾਫਿਆਂ ਵਿੱਚ ਤਿਆਰ ਕੀਤੀ ਜਾਂਦੀ ਹੈ । ਇਨ੍ਹਾਂ ਲਿਫਾਫਿਆਂ ਦੇ ਹੇਠਲੇ ਹਿੱਸੇ ਤੇ 1 ਮਿਲੀਮੀਟਰ ਚੌੜੇ 8-10 ਛੇਕ ਕੀਤੇ ਜਾਂਦੇ ਹਨ ਤਾਂ ਕਿ ਵਾਧੂ ਪਾਣੀ ਬਾਹਰ ਨਿੱਕਲ ਸਕੇ । ਲਿਫਾਫਿਆਂ ਨੂੰ ਰੂੜੀ ਦੀ ਖਾਦ, ਮਿੱਟੀ ਅਤੇ ਰੇਤ ਦੀ ਬਰਾਬਰ ਦੀ ਮਾਤਰਾ ਵਿੱਚ ਮਿਲਾ ਕੇ ਭਰ ਲਉ । ਇੱਕ ਏਕੜ ਦੀ ਪਨੀਰੀ ਤਿਆਰ ਕਰਨ ਲਈ 150 ਗ੍ਰਾਮ ਬੀਜ ਇਨ੍ਹਾਂ ਲਿਫਾਫਿਆਂ ਵਿੱਚ ਜੁਲਾਈ ਦੇ ਦੂਜੇ ਹਫ਼ਤੇ ਤੋਂ ਸਤੰਬਰ ਦੇ ਤੀਜੇ ਹਫ਼ਤੇ ਤੱਕ ਬੀਜ ਦਿਉ । ਇੱਕ ਲਿਫਾਫੇ ਵਿੱਚ 2-3 ਬੀਜ ਲਾਉ । ਬੀਜ ਨੂੰ ਬਿਜਾਈ ਤੋਂ ਪਹਿਲਾਂ 3 ਗ੍ਰਾਮ ਕੈਪਟਾਨ ਪ੍ਰਤੀ ਕਿਲੋ ਬੀਜ ਦੇ ਹਿਸਾਬ ਸੋਧ ਲਉ ਤਾਂ ਕਿ ਛੋਟੇ ਬੂਟੇ ਨਾ ਮਰਨ । ਉੱਗੇ ਹੋਏ ਪੌਦਿਆਂ ਵਿੱਚ ਇੱਕ ਨਰੋਆ ਪੌਦਾ ਛੱਡ ਕੇ ਬਾਕੀ ਨੂੰ ਪੁੱਟ ਦਿਉ। ਪੌਦੇ ਉੱਗਣ ਤੋਂ ਬਾਅਦ ਇਨ੍ਹਾਂ ਨੂੰ ਪੋਲੀਥੀਨ ਦੇ ਲਿਫਾਫਿਆਂ ਵਿਚਲੀ ਮਿੱਟੀ ਨੂੰ 0.2% ਕੈਪਟਾਨ ਨਾਲ ਚੰਗੀ ਤਰ੍ਹਾਂ ਗਿੱਲੀ ਕਰ ਦਿਉ । ਪਨੀਰੀ ਸਤੰਬਰ-ਅਕਤੂਬਰ ਵਿੱਚ ਲਾਉਣ ਲਈ ਤਿਆਰ ਹੋ ਜਾਵੇਗੀ ।

**ਬੂਟੇ ਲਾਉਣ ਦਾ ਸਮਾਂ ਅਤੇ ਢੰਗ**

1.5×1.5 ਮੀਟਰ ਦੀ ਦੂਰੀ ਤੇ 50×50×50 ਸੈਂਟੀਮੀਟਰ ਆਕਾਰ ਦੇ ਟੋਏ ਪੁੱਟੋ । ਟੋਇਆਂ ਨੂੰ ਬਰਾਬਰ ਦੀ ਮਾਤਰਾ ਵਿੱਚ ਗਲੀ-ਸੜੀ ਰੂੜੀ ਅਤੇ ਮਿੱਟੀ ਮਿਲਾ ਕੇ ਭਰੋ । ਹਰੇਕ ਟੋਏ ਵਿੱਚ 30 ਗ੍ਰਾਮ ਲਿੰਡੇਨ 5% ਧੂੜਾ ਪਾਉ । ਟੋਏ ਨੂੰ ਹਲਕੀ ਸਿੰਚਾਈ ਕਰੋ ਤਾਂ ਕਿ ਟੋਏ ਵਿਚਲੀ ਮਿੱਟੀ ਚੰਗੀ ਤਰ੍ਹਾਂ ਬੈਠ ਜਾਵੇ । ਸਤੰਬਰ ਦੇ ਪਹਿਲੇ ਹਫ਼ਤੇ ਤੋਂ ਲੈ ਕੇ 15 ਅਕਤੂਬਰ ਤੱਕ, 15 ਸੈਂਟੀਮੀਟਰ ਦੀ ਦੂਰੀ ਤੇ ਹਰੇਕ ਟੋਏ ਵਿੱਚ ਤਿੰਨ ਪੌਦੇ ਲਗਾਉ ਅਤੇ ਹਲਕੀ ਸਿੰਚਾਈ ਕਰੋ ।

**ਪ੍ਰਾਗਣ ਕਿਰਿਆ :** ਜਦ ਬੂਟੇ ਫੁੱਲਾਂ ਤੇ ਆਉਣ ਤਾਂ ਪ੍ਰਤੀ ਟੋਇਆ ਇੱਕ ਬੂਟਾ ਹੀ ਰਹਿਣ ਦਿਉ ਅਤੇ ਬਾਕੀ ਬੂਟੇ ਪੁੱਟ ਦਿਉ । ਬੂਟੇ ਪੁੱਟਣ ਸਮੇਂ ਇਹ ਖਿਆਲ ਰੱਖੋ ਕਿ ਖੇਤ ਵਿੱਚ 10 ਪ੍ਰਤੀਸ਼ਤ ਦੇ ਕਰੀਬ ਨਰ ਬੂਟੇ ਜਿਹੜੇ ਕਿ ਖੇਤ ਵਿੱਚ ਵੱਖ-ਵੱਖ ਜਗ੍ਹਾ ਤੇ ਹੋਣ, ਰਹਿਣ ਦਿਉ ਤਾਂ ਕਿ ਪ੍ਰਾਗਣ ਕਿਰਿਆ ਚੰਗੀ ਹੋ ਸਕੇ ।

**ਖਾਦਾਂ**

ਹਰ ਬੂਟੇ ਨੂੰ 1.25 ਕਿਲੋ ਖਾਦ ਦਾ ਮਿਸ਼ਰਣ (ਯੂਰੀਆ, ਸੁਪਰਫਾਸਫੇਟ ਅਤੇ ਮਿਊਰੇਟ ਆਫ ਪੋਟਾਸ਼ 1:2:1/3 ਅਨੁਪਾਤ ਵਿੱਚ) ਸਾਲ ਵਿੱਚ ਦੋ ਵਾਰ ਪਹਿਲਾਂ ਫਰਵਰੀ ਤੇ ਫਿਰ ਅਗਸਤ ਵਿੱਚ ਪਾਉ । ਇਸ ਦੇ ਨਾਲ ਹੀ 20 ਕਿਲੋ ਰੂੜੀ ਦੀ ਖਾਦ ਵੀ ਪ੍ਰਤੀ ਬੂਟਾ ਪਾਉ ।

**ਪੌਦ ਸੁਰੱਖਿਆ**

**ਕੀੜੇ-ਮਕੌੜੇ**

**ਤੇਲਾ :** ਪੂੰਗ ਅਤੇ ਵੱਡੇ ਕੀੜੇ ਬੂਟੇ ਦਾ ਰਸ ਚੂਸਦੇ ਹਨ । ਤੇਲਾ ਧੱਬਿਆਂ ਦੇ ਰੋਗ ਨੂੰ ਫੈਲਾਉਂਦਾ ਹੈ ।

**ਰੋਕਥਾਮ**

- ਤੇਲੇ ਦੀ ਰੋਕਥਾਮ ਲਈ 500 ਮਿਲੀਲਿਟਰ ਮੈਲਾਥਿਆਨ 50 ਈ ਸੀ ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਬਿਮਾਰੀ ਆਉਣ ਤੋਂ ਪਹਿਲਾ ਛਿੜਕੋ ।
- ਹਮਲੇ ਵਾਲੇ ਸਾਰੇ ਬੂਟੇ ਪੁੱਟ ਕੇ ਨਸ਼ਟ ਕਰ ਦਿਉ ।

**ਚਿੱਟੀ ਮੱਖੀ :** ਪੂੰਗ ਅਤੇ ਵੱਡੇ ਕੀੜੇ ਬੂਟੇ ਦਾ ਨੁਕਸਾਨ ਕਰਦੇ ਹਨ । ਛੋਟੇ, ਚਿੱਟੇ, ਸਕਲੇ ਵਰਗੇ ਕੀੜੇ ਪੱਤੇ ਦੇ ਹੇਠਲੇ ਪਾਸੇ ਇਕੱਠੇ ਹੁੰਦੇ ਹਨ । ਇਹ ਕੀੜਾ ਖੁਸ਼ਕ ਮੌਸਮ ਵਿੱਚ ਜ਼ਿਆਦਾ ਹਮਲਾ ਕਰਦਾ ਹੈ । ਪੱਤਿਆਂ ਵਿੱਚੋਂ ਰਸ ਚੂਸਣ

ਨਾਲ, ਹਮਲੇ ਵਾਲੇ ਪੱਤੇ ਪੀਲੇ ਹੋ ਕੇ ਗੁਛਾ-ਮੁੱਛਾ ਹੋ ਜਾਂਦੇ ਹਨ ਅਤੇ ਛੇਤੀ ਝੜ ਜਾਂਦੇ ਹਨ । ਇਹ ਕੀੜਾ ਗੁੱਛਾ-ਮੁੱਛਾ ਬਿਮਾਰੀ ਨੂੰ ਫੈਲਾਉਂਦਾ ਹੈ ।

**ਰੋਕਥਾਮ**

ਤੇਲੇ ਦੀ ਰੋਕਥਾਮ ਵਾਲਾ ਢੰਗ ਵਰਤੋ ।

**ਬਿਮਾਰੀਆਂ**

**ਧੱਬਿਆਂ ਦਾ ਰੋਗ :** ਇਸ ਬਿਮਾਰੀ ਦਾ ਹਮਲਾ ਬੂਟੇ ਦੇ ਹਰ ਪੜਾਅ ਤੇ ਹੁੰਦਾ ਹੈ । ਇਸ ਬਿਮਾਰੀ ਨਾਲ ਵਧ ਰਹੇ ਫ਼ਲਾਂ ਤੇ ਧੱਬੇ ਪੈ ਜਾਂਦੇ ਹਨ ਅਤੇ ਇਨ੍ਹਾਂ ਉੱਪਰ ਗੁਲਾਬੀ ਰੰਗ ਦੀ ਉੱਲੀ ਦਾ ਧੂੜਾ ਲੱਗ ਜਾਂਦਾ ਹੈ । ਰੋਗੀ ਬੂਟਿਆਂ ਦੇ ਪੱਤੇ ਵੀ ਠੀਕ ਨਹੀਂ ਰਹਿੰਦੇ ।



**ਰੋਕਥਾਮ**

- ਹਮਲੇ ਵਾਲੇ ਫ਼ਲ ਤੋੜ ਕੇ ਨਸ਼ਟ ਕਰ ਦਿਉ ।
- ਹਰ 15 ਦਿਨਾਂ ਪਿੱਛੋਂ 0.2% ਥੀਰਮ ਜਾਂ ਕੈਪਟਾਨ ਜਾ ਇੰਡੋਫਿਲ ਐਮ 45 (200 ਗ੍ਰਾਮ ਦਵਾਈ 100 ਲਿਟਰ ਪਾਣੀ) ਦੇ ਘਲੋ ਦਾ ਛਿੜਕਾਅ ਕਰੋ ।

**ਮੁੱਢਾਂ ਅਤੇ ਤਣੇ ਦਾ ਗਲਣਾ :** ਇਸ ਬਿਮਾਰੀ ਨਾਲ ਬੂਟੇ ਦੀਆਂ ਜੜਾਂ ਅਤੇ ਤਣਾ ਗਲ ਜਾਂਦਾ ਹੈ । ਇਹ ਤਣੇ ਦਾ ਗਲਣਾ ਉੱਪਰ ਵੱਲ ਵੱਧਦਾ ਹੈ । ਇਸ ਨਾਲ ਪੱਤੇ ਪੀਲੇ ਹੋ ਜਾਂਦੇ ਹਨ । ਬੂਟੇ ਅਤੇ ਫ਼ਲ ਦਾ ਵਾਧਾ ਰੁੱਕ ਜਾਦਾ ਹੈ ਅਤੇ ਬੂਟਾ ਮਰ ਜਾਦਾ ਹੈ ।

**ਰੋਕਥਾਮ**

- ਚੰਗਾ ਜਲ ਨਿਕਾਸ ਕਰੋ ।
- ਹਮਲੇ ਵਾਲੇ ਸਾਰੇ ਬੂਟੇ ਪੁੱਟ ਕੇ ਨਸ਼ਟ ਕਰ ਦਿਉ ।

**ਗੁੱਛਾ-ਮੁੱਛਾ ਰੋਗ :** ਇਸ ਬਿਮਾਰੀ ਨਾਲ ਪੱਤੇ ਛੋਟੇ ਰਹਿ ਜਾਂਦੇ ਹਨ । ਪੱਤਿਆਂ ਤੇ ਹਰੇ ਮਾਦੇ ਦੇ ਖਰੀਂਢ ਪੀਲੇ ਰੰਗ ਦੇ ਪੈਦਾ ਹੋ ਜਾਂਦੇ ਹਨ ।



**ਰੋਕਥਾਮ**

- ਹਮਲੇ ਵਾਲੇ ਬੂਟੇ ਪੁੱਟ ਕੇ ਨਸ਼ਟ ਕਰ ਦਿਉ । 250 ਮਿਲੀਲਿਟਰ ਮੈਲਾਥੀਆਨ 50 ਈ ਸੀ ਨੂੰ 250 ਲਿਟਰ ਪਾਣੀ ਵਿੱਚ ਘੋਲ ਕੇ ਇਸ ਰੋਗ ਨੂੰ ਫੈਲਾਉਣ ਵਾਲੇ ਕੀੜਿਆਂ ਜਿਵੇਂ ਕਿ ਤੇਲਾ ਅਤੇ ਚਿੱਟੀ ਮੱਖੀ ਨੂੰ ਮਾਰਨ ਲਈ ਬਿਮਾਰੀ ਫੈਲਣ ਤੋਂ ਪਹਿਲਾਂ ਛਿੜਕਾਅ ਕਰੋ ।

**ਪੱਤੇ ਮੁੜ ਜਾਣ ਦਾ ਰੋਗ :** ਬੂਟੇ ਦੇ ਸਿਰੇ ਵਾਲੇ ਨਵੇਂ ਪੱਤੇ ਮੁੜ ਕੇ ਦੋਹਰੇ ਹੋ ਜਾਂਦੇ ਹਨ ਅਤੇ ਇਨ੍ਹਾਂ ਦਾ ਰੰਗ ਗੂੜ੍ਹਾ ਹਰਾ ਹੋ ਜਾਂਦਾ ਹੈ । ਅਜਿਹੇ ਬੂਟੇ ਵਧਦੇ ਨਹੀਂ ਅਤੇ ਇਨ੍ਹਾਂ ਨੂੰ ਫ਼ਲ ਨਹੀਂ ਲੱਗਦਾ ।

**ਰੋਕਥਾਮ**

ਉੱਪਰ ਦੱਸੇ ਵਾਂਗ ਕਰੋ ।

**ਨੋਟ :** ਵੱਡੇ ਆਕਾਰ ਅਤੇ ਚੰਗੀ ਗੁਣਵੱਤਾ ਦੇ ਫ਼ਲ ਲੈਣ ਲਈ 10 ਅਪ੍ਰੈਲ ਤੋਂ ਪਿੱਛੋਂ ਆਉਣ ਵਾਲੀਆਂ ਡੋਡੀਆਂ ਅਤੇ ਫੁੱਲ ਤੋੜ ਦਿਉ ।